# Telephone conversation between Foreign Secretary and Russian Deputy Foreign Minister

August 04, 2020

## ਵਿਦੇਸ਼ ਸਕੱਤਰ ਅਤੇ ਰੂਸੀ ਉਪ ਵਿਦੇਸ਼ ਮੰਤਰੀ ਦਰਮਿਆਨ ਟੈਲੀਫੋਨ 'ਤੇ ਗੱਲਬਾਤ

04 ਅਗਸਤ, 2020

ਵਿਦੇਸ਼ ਸਕੱਤਰ ਹਰਸ਼ਵਰਧਨ ਸ਼ਰਿੰਗਲਾ ਅਤੇ ਰੂਸੀ ਉਪ ਵਿਦੇਸ਼ ਮੰਤਰੀ ਇਗੋਰ ਮੋਰਗੂਲੋਵ ਨੇ ਅੱਜ ਟੈਲੀਫੋਨ 'ਤੇ ਗੱਲਬਾਤ ਕੀਤੀ, ਜਿਸ ਵਿੱਚ ਹੋਰ ਗੱਲਾਂ ਤੋਂ ਛੁੱਟ ਦੋਵਾਂ ਪੱਖਾਂ ਵਿਚਾਲੇ ਉੱਚ ਪੱਧਰੀ ਵਿਚਾਰ ਵਟਾਂਦਰੇ; BRICS ਅਤੇ SCO ਦੇ ਢਾਂਚੇ ਵਿੱਚ ਹੋਣ ਵਾਲੀਆਂ ਉੱਚ ਪੱਧਰੀ ਮੀਟਿੰਗਾਂ ਦਾ ਕੈਲੰਡਰ; ਅਤੇ ਇਸ ਸਾਲ ਬਾਅਦ ਵਿੱਚ ਹੋਣ ਵਾਲੇ ਭਾਰਤ- ਰੂਸ ਸ਼ਿਖਰ ਸੰਮੇਲਨ ਦੀ ਤਿਆਰੀ ਲਈ ਵੱਖ-ਵੱਖ ਪੱਧਰਾਂ 'ਤੇ ਗੱਲਬਾਤ ਅਤੇ ਬੈਠਕਾਂ ਸ਼ਾਮਲ ਸਨ। ਵਿਦੇਸ਼ ਸਕੱਤਰ ਅਤੇ ਉਪ ਵਿਦੇਸ਼ ਮੰਤਰੀ ਨੇ ਸਾਂਝੇ ਵਿਚਾਰਾਂ ਦੇ ਆਧਾਰ ਅਤੇ ਨਜ਼ਰੀਏ ਨੂੰ ਦਰਸਾਉਂਦੇ ਆਪਸੀ ਹਿੱਤਾਂ ਦੇ ਵੱਖ-ਵੱਖ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ। ਦੋਵਾਂ ਧਿਰਾਂ ਨੇ ਨਿਯਮਤ ਸੰਪਰਕ ਬਣਾਈ ਰੱਖਣ 'ਤੇ ਸਹਿਮਤੀ ਦਾ ਇਜ਼ਹਾਰ ਕੀਤਾ।

ਨਵੀਂ ਦਿੱਲੀ

04 ਅਗਸਤ, 2020

DISCLAIMER : This is an approximate translation. The original is available in English on MEA’s website and may be referred to as the official press release.